# B.A Part-III
# ਬੀ. ਏ. ਭਾਗ ਤੀਸਰਾ

**ਸਮੈਸਟਰ ਪੰਜਵਾਂ**

ਵਿਸ਼ਾ : ਪੰਜਾਬੀ (ਇਲੈਕਟਿਵ)

ਕੁਲ ਨੰਬਰ :100
(ਪੇਪਰ : 90 ਅਤੇ ਇੰਟਰਨਲ ਅਸੈਸਮੈਂਟ : 10)
ਸਮਾਂ: 3ਘੰਟੇ

**ਸਲੇਬਸ ਦੀ ਰੂਪ ਰੇਖਾ**

| | |
|---|---|
| 1. ਚੋਣਵਾਂ ਪੰਜਾਬੀ ਕਾਵਿ ਸੰਗ੍ਰਹਿ | 25 ਨੰਬਰ |
| 2. ਚੋਣਵਾਂ ਪੰਜਾਬੀ ਗੱਦ ਸੰਗ੍ਰਹਿ | 25 ਨੰਬਰ |
| 3. ਕਾਵਿ ਰੂਪ (ਕਿੱਸਾ, ਵਾਰ, ਜੰਗਨਾਮਾ, ਕਾਫੀ, ਬਾਰਾ ਮਾਹ, ਮਹਾ ਕਾਵਿ, ਰੁਬਾਈ, ਗ਼ਜ਼ਲ) | 20 ਨੰਬਰ |
| 4. ਅਨੁਵਾਦ (ਹਿੰਦੀ ਤੋਂ ਪੰਜਾਬੀ) | 20 ਨੰਬਰ |

**ਸਲੇਬਸ ਵਿਚ ਲੱਗੀਆਂ ਪੁਸਤਕਾਂ**

1. ਅਮਰਜੀਤ ਸਿੰਘ ਉਬਰਾਇ ਅਤੇ ਗੁਰਦਿਆਲ ਸਿੰਘ (ਸੰਪਾ.), **ਕਾਵਿ ਜੋਤਾਂ,** ਕੁਰੁਕਸ਼ੇਤਰ ਯੂਨੀਵਰਸਿਟੀ, ਕੁਰੁਕਸ਼ੇਤਰ।

   (ਕੇਵਲ ਇਹ ਕਵੀ ਹੀ ਪੜ੍ਹੇ ਜਾਣਗੇ : ਗੁਰੁ ਨਾਨਕ ਦੇਵ, ਗੁਰੂ ਅੰਗਦ ਦੇਵ, ਬਾਬਾ ਫ਼ਰੀਦ, ਦਮੋਦਰ ਅਤੇ ਭਾਈ ਗੁਰਦਾਸ)

2. ਦਰਸ਼ਨ ਸਿੰਘ ਅਤੇ ਲਲਿਤ ਕੁਮਾਰ ਜੈਨ (ਸੰਪਾ.), **ਗੱਦ ਦਰਪਣ,** ਕੁਰੁਕਸ਼ੇਤਰ ਯੂਨੀਵਰਸਿਟੀ, ਕੁਰੁਕਸ਼ੇਤਰ ।

**ਜ਼ਰੂਰੀ ਨਿਰਦੇਸ਼ :**

1. **ਕਾਵਿ ਜੋਤਾਂ** ਵਿਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ। ਪਹਿਲਾ ਸਲੇਬਸ ਵਿਚ ਲੱਗੇ ਕਵੀਆਂ ਦੇ ਜੀਵਨ, ਰਚਨਾ, ਰਚਨਾ ਦ੍ਰਿਸ਼ਟੀ ਅਤੇ ਪੰਜਾਬੀ ਕਵਿਤਾ ਵਿਚ ਬਣਦੇ ਸਥਾਨ ਨਾਲ ਸਬੰਧਤ ਪੁੱਛਿਆ ਜਾਵੇਗਾ। ਇਹ ਸਵਾਲ ਇਸ ਤਰ੍ਹਾਂ ਪੁੱਛਿਆ ਜਾਵੇ ਕਿ ਵਿਦਿਆਰਥੀ ਇਸ ਦਾ ਜਵਾਬ ਸੰਖੇਪ ਰੂਪ ਵਿਚ ਲਗਭਗ 250-300 ਸ਼ਬਦਾਂ ਦੇ ਸਕੇ। ਇਹ ਸਵਾਲ 5 ਨੰਬਰ ਦਾ ਹੋਵੇਗਾ। ਦੂਸਰਾ ਸਵਾਲ ਪ੍ਰਸੰਗ ਸਹਿਤ ਵਿਆਖਿਆ ਦਾ ਹੋਵੇਗਾ। ਚਾਰ ਪੈਰ੍ਹੇ ਪ੍ਰਸੰਗ ਸਹਿਤ ਵਿਆਖਿਆ ਲਈ ਦਿੱਤੇ ਜਾਣਗੇ ਅਤੇ ਵਿਦਿਆਰਥੀ ਨੇ ਇਨ੍ਹਾਂ ਵਿਚੋਂ ਕੋਈ ਦੋ ਕਰਨੇ ਹੋਣਗੇ। ਇਹ ਸਵਾਲ 10 (5+5) ਨੰਬਰ ਦਾ ਹੋਵੇਗਾ।

2. **ਗੱਦ ਦਰਪਣ** ਵਿਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ। ਪਹਿਲਾ ਪ੍ਰਸ਼ਨ ਸਲੇਬਸ ਵਿਚ ਲੱਗੇ ਗੱਦਕਾਰਾਂ ਦੇ ਜੀਵਨ, ਰਚਨਾ, ਰਚਨਾ ਦ੍ਰਿਸ਼ਟੀ ਅਤੇ ਪੰਜਾਬੀ ਗੱਦ ਪਰੰਪਰਾ ਵਿਚ ਬਣਦੇ ਸਥਾਨ ਨਾਲ ਸਬੰਧਤ ਪੁੱਛਿਆ ਜਾਵੇਗਾ। ਇਹ ਸਵਾਲ ਇਸ ਤਰ੍ਹਾਂ ਪੁੱਛਿਆ ਜਾਵੇ ਕਿ ਵਿਦਿਆਰਥੀ ਇਸ ਦਾ ਜਵਾਬ ਸੰਖੇਪ ਰੂਪ ਵਿਚ ਲਗਭਗ 250-300 ਸ਼ਬਦਾਂ ਦੇ ਸਕੇ। ਇਹ ਸਵਾਲ 5 ਨੰਬਰ ਦਾ ਹੋਵੇਗਾ। ਦੂਸਰਾ ਸਵਾਲ ਸਲੇਬਸ ਵਿਚ ਲੱਗੀਆਂ ਗੱਦ ਰਚਨਾ ਵਿਸ਼ੇ- ਵਸਤੂ, ਸਾਰ, ਸਾਹਿਤਕ ਮੁੱਲਾਂਕਣ ਜਾਂ ਅਜਿਹਾ ਸਵਾਲ ਪੁੱਛਿਆ ਜਾ ਸਕਦਾ ਹੈ ਜੋ ਸਲੇਬਸ ਵਿਚ ਲੱਗੀ ਗੱਦ ਰਚਨਾ ਦੇ ਮੁੱਲ ਨੂੰ ਪ੍ਰਗਟ ਕਰਦਾ ਹੋਵੇ। ਅੰਦਰੂਨੀ ਛੂਟ ਨਾਲ ਸਵਾਲ ਪੁੱਛਿਆ ਜਾਵੇਗਾ। ਇਹ ਸਵਾਲ 10 ਨੰਬਰ ਦਾ ਹੋਵੇਗਾ।

3. ਸਲੇਬਸ ਵਿਚ ਨਿਰਧਾਰਿਤ ਕਾਵਿ ਰੂਪਾਂ ਵਿਚੋਂ ਕਿਸੇ ਚਾਰ ਕਾਵਿ ਰੂਪਾਂ ਬਾਰੇ ਪੁੱਛਿਆ ਜਾਵੇਗਾ ਅਤੇ ਵਿਦਿਆਰਥੀ ਨੇ ਉਨ੍ਹਾਂ ਪੁੱਛੇ ਗਏ ਚਾਰ ਕਾਵਿ ਰੂਪਾਂ ਵਿਚੋਂ ਕੋਈ ਦੋ ਕਾਵਿ ਰੂਪ ਕਰਨੇ ਹੋਣਗੇ। ਇਹ ਪ੍ਰਸਨ 20(10+10) ਅੰਕਾਂ ਦਾ ਹੋਵੇਗਾ।

4. ਇਕ 200 ਤੋਂ 250 ਸ਼ਬਦਾਂ ਦਾ ਹਿੰਦੀ ਭਾਸ਼ਾ ਵਿਚ ਪੈਰ੍ਹਾ ਦਿੱਤਾ ਜਾਵੇਗਾ ਜਿਸਨੂੰ ਵਿਦਿਆਰਥੀ ਨੇ ਪੰਜਾਬੀ ਭਾਸ਼ਾ ਵਿਚ ਅਨੁਵਾਦ ਕਰਨਾ ਹੋਵੇਗਾ। ਇਹ ਪ੍ਰਸਨ 20 ਅੰਕਾਂ ਦਾ ਹੋਵੇਗਾ।

5. ਆਖਰੀ ਸਵਾਲ ਸਲੇਬਸ ਵਿਚ ਲੱਗੀਆਂ ਪੁਸਤਕਾਂ ਵਿਚੋਂ 20 ਵਸਤੂ ਨਿਸ਼ਠ ਪ੍ਰਸ਼ਨਾਂ (10 **ਕਾਵਿ ਜੋਤਾਂ** ਅਤੇ 10 ਗੱਦ ਦਰਪਣ ਵਿਚੋਂ) ਦਾ ਹੋਵੇਗਾ। ਹਰ ਪ੍ਰਸ਼ਨ ਦੇ ਚਾਰ ਵਿਕਲਪ ਦਿੱਤੇ ਹੋਣਗੇ ਅਤੇ ਵਿਦਿਆਰਥੀ ਨੇ ਸਹੀ ਵਿਕਲਪ ਲਿਖਣਾ ਹੋਵੇਗਾ। ਇਹ ਸਵਾਲ 20 ਨੰਬਰ ਦਾ ਹੋਵੇਗਾ।